## ਗੁਰੂ ਨਾਨਕ - ਸਬਦ ੫੧
## ਨਾਨਕ ਬੇੜੀ ਸਚ ਕੀ ਤਰੀਐ ਗੁਰ ਵੀਚਾਰਿ ॥
## ਰਾਗੁ ਸਿਰੀਰਾਗੁ, ਗੁਰੂ ਨਾਨਕ, ਗੁਰੂ ਗ੍ਰੰਥ ਸਾਹਿਬ, ੨੦

ਨਾਨਕ ਬੇੜੀ ਸਚ ਕੀ ਤਰੀਐ ਗੁਰ ਵੀਚਾਰਿ ॥
ਇਕਿ ਆਵਹਿ ਇਕਿ ਜਾਵਹੀ ਪੂਰਿ ਭਰੇ ਅਹੰਕਾਰਿ ॥
ਮਨਹਠਿ ਮਤੀ ਬੂਡੀਐ ਗੁਰਮੁਖਿ ਸਚੁ ਸੁ ਤਾਰਿ ॥੧॥
ਗੁਰ ਬਿਨੁ ਕਿਉ ਤਰੀਐ ਸੁਖੁ ਹੋਇ ॥
ਜਿਉ ਭਾਵੈ ਤਿਉ ਰਾਖੁ ਤੂ ਮੈ ਅਵਰੁ ਨ ਦੂਜਾ ਕੋਇ ॥੧॥ ਰਹਾਉ ॥
ਆਗੈ ਦੇਖਉ ਡਉ ਜਲੈ ਪਾਛੈ ਹਰਿਓ ਅੰਗੂਰੁ ॥
ਜਿਸ ਤੇ ਉਪਜੈ ਤਿਸ ਤੇ ਬਿਨਸੈ ਘਟਿ ਘਟਿ ਸਚੁ ਭਰਪੂਰਿ ॥
ਆਪੇ ਮੇਲਿ ਮਿਲਾਵਹੀ ਸਾਚੈ ਮਹਲਿ ਹਦੂਰਿ ॥੨॥
ਸਾਹਿ ਸਾਹਿ ਤੁਝੁ ਸੰਮਲਾ ਕਦੇ ਨ ਵਿਸਾਰੇਉ ॥
ਜਿਉ ਜਿਉ ਸਾਹਬੁ ਮਨਿ ਵਸੈ ਗੁਰਮੁਖਿ ਅੰਮ੍ਰਿਤੁ ਪੇਉ ॥
ਮਨੁ ਤਨੁ ਤੇਰਾ ਤੂ ਧਣੀ ਗਰਬੁ ਨਿਵਾਰਿ ਸਮੇਉ ॥੩॥
ਜਿਨਿ ਏਹੁ ਜਗਤੁ ਉਪਾਇਆ ਤ੍ਰਿਭਵਣੁ ਕਰਿ ਆਕਾਰੁ ॥
ਗੁਰਮੁਖਿ ਚਾਨਣੁ ਜਾਣੀਐ ਮਨਮੁਖਿ ਮੁਗਧੁ ਗੁਬਾਰੁ ॥
ਘਟਿ ਘਟਿ ਜੋਤਿ ਨਿਰੰਤਰੀ ਬੂਝੈ ਗੁਰਮਤਿ ਸਾਰੁ ॥੪॥
ਗੁਰਮੁਖਿ ਜਿਨੀ ਜਾਣਿਆ ਤਿਨ ਕੀਚੈ ਸਾਬਾਸਿ ॥
ਸਚੇ ਸੇਤੀ ਰਲਿ ਮਿਲੇ ਸਚੇ ਗੁਣ ਪਰਗਾਸਿ ॥
ਨਾਨਕ ਨਾਮਿ ਸੰਤੋਖੀਆ ਜੀਉ ਪਿੰਡੁ ਪ੍ਰਭ ਪਾਸਿ ॥੫॥੧੬॥

**ਸਾਰ:** ਆਪਣੀਆਂ ਧਾਰਨਾਵਾਂ ਪ੍ਰਤੀ ਅੜੀਅਲ ਜ਼ਿੱਦ ਸੀਮਤਤਾ ਦੇ ਘੇਰੇ ਵਿਚ ਬੰਨ੍ਹ ਸਕਦੀ ਹੈ। ਬਿਬੇਕ ਸਾਨੂੰ ਅਗਿਆਨਤਾ ਤੋਂ ਜਾਗਰੂਕਤਾ ਵੱਲ ਜਾਣ ਦੀ ਆਗਿਆ ਦਿੰਦਾ ਹੈ ਅਤੇ ਸਚੀ ਮੁਕਤੀ ਦੇ ਰਸਤੇ ਨੂੰ ਰੌਸ਼ਨ ਕਰਦਾ ਹੈ। ਕੁਦਰਤ ਦੇ ਸਦੀਵੀ ਵਿਸ਼ਵਵਿਆਪੀ ਨਿਯਮ ਵਿੱਚ ਭਰੋਸਾ ਰੱਖ, ਅਸੀਂ ਆਜ਼ਾਦਾਨਾ ਜੀਵਨ ਦਾ ਦਰਵਾਜ਼ਾ ਖੋਲ੍ਹਦੇ ਹਾਂ। ਜੋ ਕੁਦਰਤੀ ਕਾਨੂੰਨ ਦੁਆਰਾ ਜਾਇਜ਼ ਮੰਨਿਆ ਜਾਂਦਾ ਹੈ, ਉਸ ਨੂੰ ਹੀ

ਪ੍ਰਾਪਤ ਕਰਨਾ ਸਾਡਾ ਹੱਕ ਹੈ। ਇਹ ਭਰੋਸਾ ਮਨ ਦੀਆਂ ਸੀਮਾਵਾਂ ਨੂੰ ਪਾਰ ਕਰਨ ਅਤੇ ਸਚੀ ਸ਼ਾਂਤੀ ਦਾ ਅਨੁਭਵ ਕਰਨ ਵਿਚ ਮਦਦ ਕਰਦਾ ਹੈ। ਕੁਦਰਤੀ ਕ੍ਰਮ ਵਿਚ ਬਿਬੇਕ, ਮੁਕਤੀ ਅਤੇ ਸ਼ਾਂਤੀ ਵਿਚਕਾਰ ਆਪਸੀ ਤਾਲਮੇਲ, ਆਪਣੇ ਆਪ ਅਤੇ ਆਪਣੀ ਹੋਂਦ ਨਾਲ ਇਕਸੁਰਤਾ ਵਿਚ ਰਹਿਣ ਉਪਰ ਜ਼ੋਰ ਦਿੰਦਾ ਹੈ।

ਨਾਨਕ ਬੇੜੀ ਸਚ ਕੀ ਤਰੀਐ ਗੁਰ ਵੀਚਾਰਿ ॥
ਨਾਨਕ ਕਹਿੰਦੇ ਹਨ ਕਿ ਜਿਵੇਂ ਇਕ ਬੇੜਾ ਸਮੁੰਦਰ ਪਾਰ ਕਰ ਸਕਦਾ ਹੈ; ਇਸੇ ਤਰ੍ਹਾਂ, ਗਿਆਨ ਰੂਪੀ ਸਚੇ ਚਿੰਤਨ ਰਾਹੀਂ ਕੋਈ ਵੀ ਜੀਵਨ ਦੀ ਨਿਸ਼ਾਨਦੇਹੀ ਕਰ ਸਕਦਾ ਹੈ, ਜੋ ਅਗਿਆਨਤਾ ਤੋਂ ਜਾਗਰੂਕਤਾ ਵੱਲ ਲੈ ਜਾਂਦੀ ਹੈ।

ਇਕਿ ਆਵਹਿ ਇਕਿ ਜਾਵਹੀ ਪੂਰਿ ਭਰੇ ਅਹੰਕਾਰਿ ॥
ਇਕ ਵਿਚਾਰ ਉੱਠਦਿਆਂ ਦੂਜਾ ਅਲੋਪ ਹੋ ਜਾਂਦਾ ਹੈ, ਜਿਸ ਨਾਲ ਮਨ ਹਉਮੈ ਵਿੱਚ ਗ੍ਰਸਤ ਰਹਿੰਦਾ ਹੈ।

ਮਨਹਠਿ ਮਤੀ ਬੂਡੀਐ ਗੁਰਮੁਖਿ ਸਚੁ ਸੁ ਤਾਰਿ ॥੧॥
ਅੜੀਅਲ ਸੁਭਾ ਵਾਲੇ ਆਪਣੀਆਂ ਧਾਰਨਾਵਾਂ ਵਿਚ ਖਚਤ ਹੋ ਜਾਂਦੇ ਹਨ। ਜੋ ਬਿਬੇਕ ਦੇ ਰਸੀਏ ਹਨ, ਉਹ ਸਤਿ ਪ੍ਰਾਪਤ ਕਰਦੇ ਹਨ ਜੋ ਮੁਕਤੀ ਤੱਕ ਲੈ ਜਾਂਦਾ ਹੈ। (੧)

ਗੁਰ ਬਿਨੁ ਕਿਉ ਤਰੀਐ ਸੁਖੁ ਹੋਇ ॥
ਉਸ ਬਿਬੇਕ ਤੋਂ ਬਿਨਾਂ ਜੋ ਸਾਨੂੰ ਅਗਿਆਨਤਾ ਤੋਂ ਰੌਸ਼ਨੀ ਵੱਲ ਲੈ ਜਾਂਦਾ ਹੈ, ਅਸੀਂ ਮੁਕਤੀ ਅਤੇ ਸ਼ਾਂਤੀ ਕਿਵੇਂ ਪ੍ਰਾਪਤ ਕਰ ਸਕਦੇ ਹਾਂ?

ਜਿਉ ਭਾਵੈ ਤਿਉ ਰਾਖੁ ਤੂ ਮੈ ਅਵਰੁ ਨ ਦੂਜਾ ਕੋਇ ॥੧॥ ਰਹਾਉ ॥
ਜੋ ਕੁਝ ਵੀ ਕੁਦਰਤ ਦੇ ਨਿਯਮ ਅਨੁਸਾਰ ਜਾਇਜ਼ ਹੈ, ਸਰਵ ਵਿਆਪਕ ਸ਼ਕਤੀ ਦੁਆਰਾ ਉਸਨੂੰ ਮੇਰੇ ਅੰਦਰ ਕਾਇਮ ਰੱਖਣ ਦਿਓ। ਮੇਰੇ ਕੋਲ ਭਰੋਸਾ ਰੱਖਣ ਲਈ ਹੋਰ ਕੋਈ ਨਹੀਂ ਹੈ। (੧)(ਠਹਿਰਾਉ)

ਆਗੈ ਦੇਖਉ ਡਉ ਜਲੈ ਪਾਛੈ ਹਰਿਓ ਅੰਗੂਰੁ ॥

ਅੱਗੇ, ਮੈਂ ਜੰਗਲਾਂ ਨੂੰ ਸੜਦੇ ਅਤੇ ਪਿੱਛੇ ਹਰੇ ਅੰਗੂਰਾਂ ਦਾ ਬੂਰ ਉੱਗਦਾ ਵੇਖਦਾ ਹਾਂ। ਵਿਨਾਸ਼ ਅਤੇ ਵਿਗਾਸ ਵਿਚਕਾਰ ਇਹ ਅੰਤਰ ਸਮੇਂ ਦੇ ਬੀਤਤਦੇ ਪ੍ਰਵਾਹ ਨੂੰ ਦਰਸਾਉਂਦਾ ਹੈ, ਜੋ ਆਦਿ ਅਤੇ ਅੰਤ ਦੀ ਵਚਨਬੱਧਤਾ ਦਾ ਪ੍ਰਤੀਕ ਹੈ।

ਜਿਸ ਤੇ ਉਪਜੈ ਤਿਸ ਤੇ ਬਿਨਸੈ ਘਟਿ ਘਟਿ ਸਚੁ ਭਰਪੂਰਿ ॥

ਜਿਸ ਵਿਸ਼ਵਵਿਆਪੀ ਊਰਜਾ ਰਾਹੀਂ ਸਾਡਾ ਉਭਾਰ ਹੁੰਦਾ ਹੈ, ਅੰਤ ਉਸੇ ਊਰਜਾ ਵਿਚ ਸਮਾ ਜਾਂਦੇ ਹਾਂ। ਇਹ ਸਤਿ ਸ੍ਰਿਸ਼ਟੀ ਦੇ ਹਰ ਪਹਿਲੂ ਵਿੱਚ ਰਮਇਆ ਹੋਇਆ ਹੈ।

ਆਪੇ ਮੇਲਿ ਮਿਲਾਵਹੀ ਸਾਚੈ ਮਹਲਿ ਹਦੂਰਿ ॥੨॥

ਅਸੀਂ ਆਪਣੇ ਸਚੇ ਆਪੇ ਨਾਲ ਜੁੜ ਸਕਦੇ ਹਾਂ, ਕਿਉਂਕਿ ਸਤਿ ਸਾਡੇ ਅੰਦਰ ਵਸਦਾ ਹੈ। (੨)

ਸਾਹਿ ਸਾਹਿ ਤੁਝੁ ਸੰਮਲਾ ਕਦੇ ਨ ਵਿਸਾਰੇਉ ॥

ਹਰ ਸਾਹ ਨਾਲ, ਆਪਣੇ ਆਲੇ ਦੁਆਲੇ ਵਸਦੀ ਸਰਵ-ਵਿਆਪੀ ਊਰਜਾ ਦੀ ਚੇਤਨਾ ਵਿਚ ਲੀਨ ਹੋਵੇ, ਅਤੇ ਇਸਦਾ ਅਭਿਆਸ ਕਰਨਾ ਨਾ ਭੁੱਲੋ।

ਜਿਉ ਜਿਉ ਸਾਹਬੁ ਮਨਿ ਵਸੈ ਗੁਰਮੁਖਿ ਅੰਮ੍ਰਿਤੁ ਪੇਉ ॥

ਜਿੰਨ੍ਹਾਂ ਏਕਤਾ ਦੀ ਸਰਵਉਚਤਾ ਦਾ ਵਾਸਾ ਦਿਲ ਦੀ ਗਹਿਰਾਈ ਵਿੱਚ ਉਤਰਦਾ ਹੈ, ਓਨਾ ਹੀ ਕੋਈ ਬਿਬੇਕ ਦਾ ਰਸੀਆ ਬਣ ਦੈਵੀਤਵ ਦੇ ਅੰਮ੍ਰਿਤ ਦਾ ਅਨੁਭਵ ਕਰਦਾ ਹੈ।

ਮਨੁ ਤਨੁ ਤੇਰਾ ਤੂ ਧਣੀ ਗਰਬੁ ਨਿਵਾਰਿ ਸਮੇਉ ॥੩॥

ਜਦੋਂ ਮਨ ਅਤੇ ਦੇਹੀ ਚੇਤਨਾ ਨਾਲ ਇਕਸੁਰ ਹੁੰਦੇ ਹਨ, ਤਾਂ ਕੋਈ ਸਚਮੁੱਚ ਅਮੀਰ ਹੁੰਦਾ ਹੈ, ਹਉਮੈ ਦਾ ਨਾਸ਼ ਕਰ ਅਤੇ ਆਪਣੇ ਸਚੇ ਸਵੈ ਵਿੱਚ ਅਭੇਦ ਹੋ ਜਾਂਦਾ ਹੈ। (੩)

ਜਿਨਿ ਏਹੁ ਜਗਤੁ ਉਪਾਇਆ ਤ੍ਰਿਭਵਣੁ ਕਰਿ ਆਕਾਰੁ ॥

ਇਸ ਬ੍ਰਹਿਮੰਡ ਨੂੰ ਬਣਾਉਣ ਵਾਲੇ ਸਰੋਤ ਨੇ ਤਿੰਨ ਖੇਤਰਾਂ, ਧਰਤੀ, ਆਕਾਸ਼ ਅਤੇ ਪਾਤਾਲ ਨੂੰ ਖਾਸ ਤੌਰ 'ਤੇ ਕਾਰੇ ਲਾਇਆ ਹੋਇਆ ਹੈ।

ਗੁਰਮੁਖਿ ਚਾਨਣੁ ਜਾਣੀਐ ਮਨਮੁਖਿ ਮੁਗਧੁ ਗੁਬਾਰੁ ॥

ਜਿਹੜੇ ਅਗਿਆਨਤਾ ਤੋਂ ਜਾਗਰੂਕਤਾ ਵੱਲ ਜਾਣ ਲਈ ਬਿਬੇਕ ਦੀ ਭਾਲ ਕਰਦੇ ਹਨ, ਉਹ ਰੂਹਾਨੀਅਤ ਜਾਗ੍ਰਿਤੀ ਦਾ ਅਨੁਭਵ ਕਰਦੇ ਹਨ, ਜਦੋਂ ਕਿ ਸਵੈ-ਇੱਛਾ ਵਾਲੇ ਅਗਿਆਨਤਾ ਦੇ ਹਨੇਰੇ ਵਿੱਚ ਰਹਿੰਦੇ ਹਨ।

ਘਟਿ ਘਟਿ ਜੋਤਿ ਨਿਰੰਤਰੀ ਬੂਝੈ ਗੁਰਮਤਿ ਸਾਰੁ ॥੪॥

ਸਦੀਵੀ ਹਾਜ਼ਰ ਊਰਜਾ ਸ੍ਰਿਸ਼ਟੀ ਦੇ ਹਰ ਪਹਿਲੂ ਵਿੱਚ ਨਿਰੰਤਰ ਵਸਦੀ ਹੈ। ਇਸ ਤੱਤ ਨੂੰ ਬਿਬੇਕ ਰਾਹੀਂ ਸਮਝਿਆ ਜਾਂਦਾ ਹੈ ਜੋ ਸਾਨੂੰ ਅਗਿਆਨਤਾ ਤੋਂ ਜਾਗਰੂਕਤਾ ਵੱਲ ਲੈ ਜਾਂਦਾ ਹੈ। (੪)

ਗੁਰਮੁਖਿ ਜਿਨੀ ਜਾਣਿਆ ਤਿਨ ਕੀਚੈ ਸਾਬਾਸਿ ॥

ਜਿਹੜੇ  ਬਿਬੇਕ ਦੀ ਭਾਲ ਕਰਦੇ ਹਨ ਅਤੇ ਜੀਵਨ ਦੇ ਤਤ-ਸਾਰ ਨੂੰ ਸਮਝਦੇ ਹਨ, ਉਹ ਪ੍ਰਸ਼ੰਸਾ ਦੇ ਪਾਤਰ ਹਨ।

ਸਚੇ ਸੇਤੀ ਰਲਿ ਮਿਲੇ ਸਚੇ ਗੁਣ ਪਰਗਾਸਿ ॥

ਜਦੋਂ ਅਸੀਂ ਆਪਣੇ ਆਪ ਨੂੰ ਇਮਾਨਦਾਰੀ ਵਿਚ ਲੀਨ ਕਰਦੇ ਹਾਂ, ਤਾਂ ਸਾਡੀਆਂ ਅਸਲ ਸ਼ਕਤੀਆਂ ਅਤੇ ਗੁਣ ਉੱਭਰ ਕੇ ਸਾਹਮਣੇ ਆਉਂਦੇ ਹਨ।

ਨਾਨਕ ਨਾਮਿ ਸੰਤੋਖੀਆ ਜੀਉ ਪਿੰਡੁ ਪ੍ਰਭ ਪਾਸਿ ॥੫॥੧੬॥

ਨਾਨਕ ਕਹਿੰਦੇ ਹਨ ਕਿ ਸੰਤੋਖ ਸਵੈ-ਚਿੰਤਨ ਤੋਂ ਪੈਦਾ ਹੁੰਦਾ ਹੈ ਉਨ੍ਹਾਂ ਲਈ ਜੋ ਬਿਬੇਕ ਦੀ ਭਾਲ ਹਿਤ ਆਪਣਾ ਮਨ ਅਤੇ ਦੇਹੀ ਸਮਰਪਿਤ ਕਰਦੇ ਹਨ। (੫)(੧੬)

**ਤੱਤ**: ਗੁਰੂ ਨਾਨਕ ਵਿਚਾਰਦੇ ਹਨ ਕਿ ਸੰਤੋਖ ਸਿਰਫ਼ ਬਾਹਰੀ ਹਾਲਾਤਾਂ ਤੋਂ ਹੀ ਨਹੀਂ ਸਗੋਂ ਸਵੈ-ਚਿੰਤਨ ਅਤੇ ਸਮਰਪਣ ਦੀ ਅੰਦਰੂਨੀ ਕਿਰਿਆ ਰਾਹੀਂ ਉਪਜਦਾ ਹੈ। ਸੰਤੋਖ ਕੋਈ ਅਸਥਾਈ ਭਾਵਨਾ ਜਾਂ ਜ਼ਜਬਾਤ ਨਹੀਂ ਹੈ; ਸਗੋਂ, ਇਹ ਇਕ ਅਜਿਹੀ ਅਵਸਥਾ ਹੈ ਜਿਸ ਦਾ ਉਥਾਨ ਉਸ ਸਮੇਂ ਹੁੰਦਾ ਹੈ ਜਦੋਂ ਅਸੀਂ ਆਪਣੀ ਦੇਹੀ ਅਤੇ ਮਨ ਦੋਵਾਂ ਨੂੰ ਬਿਬੇਕ ਦੀ ਭਾਲ ਹਿਤ ਸਮਰਪਿਤ ਕਰਦੇ ਹਾਂ ਜੋ ਦੁਨਿਆਵੀ ਭਰਮਾਂ ਤੋਂ ਪਰੇ ਹੈ।

---

ਪਹਿਲਕਦਮੀ

**Oneness In Diversity Research Foundation**
**ਵੈੱਬਸਾਈਟ:** **OnenessInDiversity.com**

**ਈਮੇਲ: onenessindiversityfoundation@gmail.com**